# ਕੀ ਚੈਰਟੀਆਂ ਵਾਸਤੇ ਕੰਮ ਕਰਨ ਵਾਲੇ ਵਲੰਟੀਅਰਾਂ ਉਤੇ ਹੈਲਥ ਐਂਡ ਸੇਫਟੀ ਲੈਜੀਸਲੇਸ਼ਨ ਲਾਗੂ ਹੁੰਦਾ ਹੈ? (Does Health and Safety legislation apply to volunteers working for charities?)

ਜਿੱਥੇ ਕੋਈ ਸੰਸਥਾ ਘੱਟੋ ਘੱਟ ਇਕ ਕਰਮਚਾਰੀ ਨੂੰ ਕੰਮ ਉਤੇ ਰੱਖਦੀ ਹੈ ਤਾਂ ਉਥੇ ਉਸਨੂੰ ਐਚਐਸਡਬਲਯੂ ਐਕਟ ਅਤੇ ਇਸਦੇ ਅਧੀਨ ਰੈਗੂਲੇਸ਼ਨਾ ਦੇ ਮਕਸਦ ਲਈ 'ਕੰਮਕਾਜੀ ਮਾਲਕ' ਮੰਨਿਆਂ ਜਾਂਦਾ ਹੈ।

ਮੈਨੇਜਮੈਂਟ ਆਫ ਹੈਲਥ ਐਂਡ ਸੇਫਟੀ ਐਟ ਵਰਕ ਰੈਗੂਲੇਸ਼ਨਜ 1999 (ਆਈਐਸਬੀਐਨ 0717624889 – ਐਚਐਸਈ ਬੁਕਸ ਕੋਲੋਂ ਉਪਲੱਬਧ ਹੈ) ਮਾਲਕਾਂ ਅਤੇ ਸੈਲਫ-ਇੰਪਲਾਯੇਡ ਦੋਨਾਂ ਉਤੇ ਹੀ ਕਰਮਚਾਰੀਆਂ ਜਾਂ ਉਨ੍ਹਾਂ ਦੇ ਕੰਮ ਦੀਆਂ ਕਾਰਵਾਈਆਂ ਤੋਂ ਪ੍ਰਭਾਵਤ ਹੋ ਸਕਣ ਵਾਲੇ ਦੂਸਰੇ ਵਿਅਕਤੀਆਂ (ਜਿਵੇਂ ਕਿ ਵਲੰਟਰੀ ਵਰਕਰਜ, ਅਸਾਮੀਆਂ ਜਾਂ ਗਾਹਕਾਂ) ਨੂੰ ਪੇਸ਼ ਆਉਣ ਵਾਲੇ ਸੰਭਾਵੀ-ਖਤਰਿਆਂ ਦਾ ਜਾਇਜ਼ਾ ਲੈਣ ਦੀ ਜ਼ਿੰਮੇਵਾਰੀ ਪਾਉਂਦੀਆਂ ਹਨ। ਇਸ ਜਾਇਜ਼ੇ ਦੇ ਨਤੀਜੇ ਵਜੋਂ, ਸ਼ਨਾਖਤ ਕੀਤੇ ਗਏ ਸੰਭਾਵੀ-ਖਤਰਿਆਂ ਨੂੰ ਕਾਬੂ ਕਰਨ ਵਾਸਤੇ, ਜੇ ਉਹ ਪਹਿਲਾਂ ਤੋਂ ਹੀ ਉਚਿਤ ਤਰੀਕੇ ਨਾਲ ਕਾਬੂ ਨਹੀਂ ਕੀਤੇ ਹੋਏ, ਸੁਰੱਖਿਅਕ ਅਤੇ ਰੋਕਥਾਮ ਦੇ ਉਚਿਤ ਉਪਾਅ ਕਰਨੇ ਜ਼ਰੂਰੀ ਹਨ। ਬਾਅਦ ਵਿਚ ਲਿਸਟ ਕੀਤੀਆਂ ਗਈਆਂ ਰੈਗੂਲੇਸ਼ਨਾ ਨਿਸ਼ਚਤ ਹਾਲਤਾਂ ਵਿਚ ਜਾਂ ਵਿਸ਼ੇਸ਼ ਕਾਰਵਾਈਆਂ ਕਰਨ ਸਮੇਂ ਕੀਤੇ ਜਾਣ ਵਾਲੇ ਸੁਰੱਖਿਅਕ ਅਤੇ ਰੋਕਥਾਮ ਦੇ ਵਿਸ਼ੇਸ਼ ਉਪਾਵਾਂ ਦਾ ਵੇਰਵਾ ਦਿੰਦੀਆਂ ਹਨ।

ਵਿਆਪਕ ਤੌਰ ਤੇ, ਵਲੰਟਰੀ ਵਰਕਰਾਂ ਉਤੇ ਵੀ ਉਸੇ ਤਰਾਂ ਦੇ ਸੰਭਾਵੀ-ਖਤਰਿਆਂ ਦਾ ਸਾਹਮਣਾ ਕਰ ਰਹੇ ਕਰਮਚਾਰੀਆਂ ਵਾਲੇ ਹੀ ਹੈਲਥ ਐਂਡ ਸੇਫਟੀ ਸਟੈਂਡਰਡਜ ਲਾਗੂ ਹੋਣੇ ਚਾਹੀਦੇ ਹਨ। ਪਰ, ਜੇ ਰਿੱਸਕ ਅਸੈੱਸਮੈਂਟ ਦਰਸਾਏ ਕਿ ਵਲੰਟਰੀ ਵਰਕਰਾਂ ਨੂੰ ਪੇਸ਼ ਆਉਣ ਵਾਲੇ ਸੰਭਾਵੀ-ਖਤਰੇ ਵੱਖਰੇ ਹਨ ਤਾਂ ਸੁਰੱਖਿਅਕ ਅਤੇ ਰੋਕਥਾਮ ਦੇ ਉਪਾਅ ਉਨ੍ਹਾਂ ਸੰਭਾਵੀ ਖਤਰਿਆਂ ਅਨੁਸਾਰ ਹੀ ਹੋਣੇ ਚਾਹੀਦੇ ਹਨ।
ਐਚਐਸਈ ਸਮਝਦੇ ਹਨ ਕਿ ਵਲੰਟੀਅਰਾਂ ਦੀ ਵਰਤੋਂ ਕਰਨ ਵਾਲਿਆਂ ਨੂੰ ਮਾਲਕ/ਕਰਮਚਾਰੀ ਵਾਲੀ ਹਾਲਤ ਵਾਂਗ ਹੀ ਹੈਲਥ ਐਂਡ ਸੇਫਟੀ ਸੁਰੱਖਿਆ ਪ੍ਰਦਾਨ ਕਰਨੀ ਚੰਗਾ ਕੰਮ ਹੈ, ਚਾਹੇ ਕਨੂੰਨੀ ਜ਼ਿੰਮੇਵਾਰੀਆਂ ਇਸਦੀ ਮੰਗ ਕਰਦੀਆਂ ਹੋਣ ਜਾਂ ਨਾ।

ਐਚਐਸਈ ਨੇ ਇਕ ਗਾਈਡੈਂਸ ਪ੍ਰਕਾਸ਼ਨ ਛਾਪੀ ਹੈ, HSG192, Charity and voluntary workers : a guide to health and safety at work, (ISBN 0717624242 – ਐਚਐਸਈ ਬੁਕਸ ਕੋਲੋਂ ਉਪਲੱਬਧ ਹੈ)।